ਦਫ਼ਤਰ ਉਪ ਮੰਡਲ ਇੰਜੀਨੀਅਰ

ਉਸਾਰੀ ਉਪ ਮੰਡਲ,ਲੋਕ ਨਿਰਮਾਣ ਵਿਭਾਗ, ਭ ਤੇ ਮ ਸ਼ਾਖਾ, ਸਰਹਿੰਦ-140406

---

ਵੱਲ,

Principal,

Akal Academy , Madhopur,

Distt. Fatehgarh Sahib.

ਮੀਮੋ ਨੰਬਰ : 132 ਮਿਤੀ: 24/5/22

ਵਿਸ਼ਾ:- ਸਾਲ 2022-2023 ਲਈ ਸਕੂਲ ਬਿਲਡਿੰਗ ਦਾ ਸੁਰੱਖਿਅਤ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਹਵਾਲਾ:- ਆਪ ਜੀ ਦਾ ਪੱਤਰ ਨੰ.ਨਿਲ ਮਿਤੀ. 14/04/2022.

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਦਰਸਾਈ ਗਈ ਬਿਲਡਿੰਗ ਦਾ ਮੁਆਇਨਾ ਕਰਨ ਉਪਰੰਤ ਇਸ ਦਫਤਰ ਦੇ ਸਹਾਇਕ ਇੰਜੀਨੀਅਰ, ਸ਼੍ਰੀ ਬਲਜਿੰਦਰ ਸਿੰਘ ਵੱਲੋਂ ਮੌਕਾ ਦੇਖਣ ਉਪਰੰਤ ਰਿਪੋਰਟ ਕੀਤੀ ਗਈ ਹੈ ਕਿ ਉਕਤ ਸਕੂਲ ਦੀ ਬਿਲਡਿੰਗ ਦੇਖਣ ਨੂੰ ਠੀਕ ਜਾਪਦੀ ਹੈ। ਇਸ ਲਈ ਸਕੂਲ ਨੂੰ ਸਾਲ 2022-2023 ਦਾ ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ। ਜੇਕਰ ਭਵਿੱਖ ਵਿੱਚ ਬਿਲਡਿੰਗ ਵਿੱਚ ਵਾਧਾ/ ਤਬਦੀਲੀ ਕੀਤੀ ਜਾਂਦੀ ਹੈ ਤਾਂ ਇਹ ਕੰਮ ਕਿਸੇ ਯੋਗ ਇੰਜੀਨੀਅਰ ਦੀ ਦੇਖ-ਰੇਖ ਹੇਠ ਕਰਵਾਇਆ ਜਾਵੇ ਅਤੇ ਬਿਲਡਿੰਗ ਦਾ ਸਰਟੀਫਿਕੇਟ ਸਬੰਧਤ ਅਧਿਕਾਰੀ ਤੋਂ ਦੁਬਾਰਾ ਲਿਆ ਜਾਵੇ।

1) ਜੇਕਰ ਉਕਤ ਬਿਲਡਿੰਗ ਹੜ੍ਹ ਤੋਂ ਪ੍ਰਭਾਵਿਤ ਹੁੰਦੀ ਹੈ ਜਾਂ ਛੱਤਾਂ ਡਿੱਗਦੀਆਂ ਹਨ, ਤਾਂ ਉਸਾਰੀ ਕਰਨ ਉਪਰੰਤ ਉਹ ਦੁਬਾਰਾ ਵਿਭਾਗ ਤੋਂ ਚੈੱਕ ਕਰਵਾਈਆਂ ਜਾਣ ।

2) ਇਸ ਬਿਲਡਿੰਗ ਨੂੰ ਸੁਰੱਖਿਅਤ ਰੂਪ ਵਿੱਚ ਵਰਤਨ ਦਾ ਸਮਾਂ 31-03-2023 ਤੱਕ ਇਸ ਸ਼ਰਤ ਤੇ ਜਾਰੀ ਕੀਤਾ ਜਾਂਦਾ ਹੈ। ਕਿ ਸਕੂਲ ਅਥਾਰਟੀ ਵੱਲੋਂ ਫਾਇਰ ਸੇਫਟੀ ਸਰਟੀਫਿਕੇਟ ਸਬੰਧਤ ਦਫ਼ਤਰ ਤੋਂ ਮਿਤੀ 23-03-2023 ਤੋਂ ਮਿਤੀ 31-03-2023 ਤੱਕ ਦੇ ਸਮੇਂ ਦਾ ਨਵੀਨੀਕਰਨ ਕਰਵਾਉਣ ਉਪਰੰਤ ਪ੍ਰਾਪਤ ਕਰ ਲਿਆ ਗਿਆ ਹੋਵੇ । **ਅਜਿਹਾ ਨਾ ਕਰਨ ਦੀ ਸੂਰਤ ਵਿੱਚ ਮਿਤੀ 23/03/2022 ਤੋਂ ਬਾਅਦ ਐੱਨ.ਓ.ਸੀ. ਨੂੰ ਰੱਦ ਸਮਇਆ ਜਾਵੇ ।**

3) ਇਸ ਬਿਲਡਿੰਗ ਦਾ ਫਾਇਰ ਸੁਰੱਖਿਅਤ ਸਰਟੀਫਿਕੇਟ ਪੰਜਾਬ ਫਾਇਰ ਸਰਵਿਸਿਸ, ਫਤਿਹਗੜ੍ਹ ਸਾਹਿਬ ਵੱਲੋਂ ਪੱਤਰ ਨੰਬਰ NOC No. 505-49675-Fire/35598, ਮਿਤੀ 24-03-2022 ਰਾਹੀ ਇੱਕ ਸਾਲ ਲਈ ਦਿੱਤਾ ਗਿਆ ਹੈ।

4) ਇਹ ਸਰਟੀਫਿਕੇਟ ਕਿਸੇ ਵੀ ਤਰ੍ਹਾਂ ਦੇ ਕਾਨੂੰਨੀ ਕੇਸਾਂ ਲਈ ਵੈਧ ਨਹੀਂ ਹੈ।

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ, ਲੋਕ ਨਿਰਮਾਣ ਵਿਭਾਗ,
ਭ ਤੇ ਮ ਸ਼ਾਖਾ, ਸਰਹਿੰਦ।

ਪਿੱਠ ਅੰਕਣ ਨੰਬਰ:- ਮਿਤੀ:-

ਉਤਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ, ਭ ਤੇ ਮ ਸ਼ਾਖਾ, ਸਰਹਿੰਦ ਨੂੰ ਉਨ੍ਹਾਂ ਦੇ ਪੱਤਰ ਨੰਬਰ 3939-41 ਮਿਤੀ 07.08.2014 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ, ਜੀ।

ਉਪ ਮੰਡਲ ਇੰਜੀਨੀਅਰ